**PUNJAB STATE POWER CORPORATION LIMITED**
**Office of Chief Engineer/Commercial, Patiala**

ਵੱਲ :

1. ਸਾਰੇ ਇੰਜੀਨੀਅਰ-ਇੰਨ-ਚੀਫ /ਮੁੱਖ ਇੰਜੀਨੀਅਰਜ਼ (ਵੰਡ)
ਅਧੀਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ।

2. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਵੰਡ,
ਅਧੀਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

ਮੀਮੋ ਨੰ: 118/143 / ਐਸਐਸਐਮ-414/ਟਿਊਬਵੈਲ ਪਾਲਿਸੀ /2012-13
ਮਿਤੀ : 24/1/13

**ਵਿਸ਼ਾ: ਸਾਲ 2012-13 ਦੌਰਾਨ ਪੰਜਾਬ ਰਾਜ ਵਿਚ ਖੇਤੀਬਾੜੀ ਬਿਨੈਕਾਰਾਂ ਨੂੰ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਸੰਬੰਧੀ ਪਾਲਿਸੀ/ਗਾਈਡਲਾਈਨਜ਼-ਸਪਸ਼ਟੀਕਰਣ ਦੇਣ ਬਾਰੇ।**

ਵਣਜ ਗਸ਼ਤੀ ਪੱਤਰ ਨੰ: 02/2013 ਮਿਤੀ 08.1.2013 ਦੇ ਪੈਰਾ-3 ਵਿਚ ਦਰਸਾਏ ਰੋਸਟਰ ਤੋ ਬਾਅਦ ਨੋਟ ਨੰ:2 ਵਿਚ ਇਕ ਏਕੜ ਤੋ 2.5 ਤੱਕ ਅਤੇ 2.5 ਏਕੜ ਤੋ 5 ਏਕੜ ਤੱਕ ਦੇ ਖੇਤੀਬਾੜੀ ਜਮੀਨ ਵਾਲੇ ਉਹ ਏ.ਪੀ ਜਨਰਲ ਕੈਟਾਗਰੀ ਦੇ ਬਿਨੈਕਾਰ ਜਿਹਨਾਂ ਕੋਲ ਪਹਿਲਾਂ ਕੋਈ ਟਿਊਬਵੈਲ ਕੁਨੈਕਸ਼ਨ ਨਹੀ ਹੈ, ਨੂੰ ਜਨਰਲ ਕੈਟਾਗਰੀ ਅਧੀਨ ਪਹਿਲ ਦੇ ਅਧਾਰ ਤੇ ਟਿਊਬਵੈਲ ਕੁਨੈਕਸ਼ਨ ਲੈਣ ਲਈ ਹੇਠ ਲਿਖੇ ਅਨੁਸਾਰ ਤਸਦੀਕ ਕਰਕੇ ਆਪਣੀ ਦਰਸਖਾਸਤ ਸਬੰਧਤ ਉਪ ਮੰਡਲ ਅਫਸਰ ਨੂੰ ਮਿਤੀ 25.1.2013 ਤੱਕ ਦਰਜ ਕਰਵਾਉਣ ਲਈ ਕਿਹਾ ਗਿਆ ਹੈ :-

*i). ਮੈਂ ਜਨਰਲ ਕੈਟਾਗਰੀ ਅਧੀਨ ਟਿਊਬਵੈਲ ਕੁਨੈਕਸ਼ਨ ਲੈਣ ਲਈ ਰਕਮ ਰੁ:............ ਸਿਕਉਰਟੀ ਰਸੀਦ ਨੰ:.................ਮਿਤੀ ..................... ਰਾਹੀਂ ਜਮ੍ਹਾਂ ਕਰਵਾਈ ਹੈ।*

*ii). ਮੇਰੇ ਕੋਲ ਸਾਰੇ ਪੰਜਾਬ ਰਾਜ ਵਿਚ ਕੋਈ ਟਿਊਬਵੈਲ ਕੁਨੈਕਸ਼ਨ ਨਹੀ ਹੈ।*

*iii). ਮੇਰੇ ਕੋਲ ਸਾਰੇ ਪੰਜਾਬ ਰਾਜ ਵਿਚ ਖੇਤੀਬਾੜੀ ਵਾਲੀ ਜਮੀਨ ਇਕ ਏਕੜ ਤੋਂ 2.5 ਏਕੜ ਜਾਂ 2.5 ਏਕੜ ਤੋ 5 ਏਕੜ ਤੱਕ ਹੈ, (ਜ਼ੋ ਵੀ ਲਾਗੂ ਹੋਵੇ)।*

*iv). ਅਗਰ ਮੇਰੇ ਵੱਲੋਂ ਉਪਰੋਕਤ ਦਿੱਤਾ ਬਿਆਨ ਕਿਸੇ ਵੀ ਸਮੇਂ ਗਲਤ ਪਾਇਆ ਜਾਂਦਾ ਹੈ ਤਾਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਮੇਰਾ ਏ.ਪੀ ਕੁਨੈਕਸ਼ਨ ਬਿਨਾਂ ਕਿਸੇ ਨੋਟਿਸ ਤੇ ਕੱਟਣ ਅਤੇ ਮੇਰੇ ਖਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ ਅਤੇ ਇਸ ਸਬੰਧੀ ਮੈ ਪੀ.ਐਸ.ਪੀ.ਸੀ.ਐਲ ਤੋਂ ਕਿਸੇ ਕਿਸਮ ਦਾ ਕੋਈ ਕਲੇਮ ਕਰਨ ਦਾ ਹੱਕਦਾਰ ਨਹੀ ਹੋਵਾਂਗਾ ।*

*ਜੇਕਰ ਉਹਨਾਂ ਵੱਲੋਂ ਜਮੀਨ ਦੀ ਮਾਲਕੀ ਦਾ ਸਬੂਤ ਅਰਜੀ ਦਰਜ ਕਰਵਾਉਣ ਸਮੇਂ ਨਹੀ ਦਿੱਤਾ ਤਾਂ ਉਹ ਆਪਣੀ ਜਮੀਨ ਜਿਸ ਵਿਚ ਟਿਊਬਵੈਲ ਕੁਨੈਕਸ਼ਨ ਲੈਣ ਲਈ ਅਪਲਾਈ ਕੀਤਾ ਹੋਇਆ ਹੈ, ਦਾ ਰਕਬਾ ਇਕ ਏਕੜ ਤੋ 2.5 ਏਕੜ ਜਾਂ 2.5 ਏਕੜ ਤੋ 5 ਏਕੜ ਦੇ ਸਬੂਤ ਵੱਜੋ ਦਸਤਾਵੇਜ਼ ਵੀ ਮਿਤੀ 25.01.2013 ਤੱਕ ਸਬੰਧਤ ਉਪ ਮੰਡਲ ਅਫਸਰ ਦੇ ਦਫਤਰ ਵਿਖੇ ਜਮ੍ਹਾ ਕਰਵਾਉਣ।*

ਫੀਲਡ ਦਫਤਰਾਂ/ਏ.ਪੀ ਬਿਨੈਕਾਰਾਂ ਵੱਲੋ ਮਿਲੀ ਫੀਡ ਬੈਕ ਮੁਤਾਬਿਕ ਕੁਝ ਫੀਲਡ ਅਫਸਰਾਂ ਨੂੰ ਇਹ ਭੁਲੇਖਾ ਹੈ ਕਿ ਉਹ ਏ.ਪੀ ਬਿਨੈਕਾਰ ਜਿਹਨਾਂ ਨੇ ਆਪਣੀਆਂ ਅਰਜੀਆਂ ਮਿਤੀ 31.12.92 ਤੋਂ ਬਾਅਦ ਦਰਜ ਕਰਵਾਈਆਂ ਹਨ, ਉਨਾਂ ਕੋਲ 2.5 ਏਕੜ ਜਾਂ 5 ਏਕੜ ਜਮੀਨ ਹੋਣ ਸਬੰਧੀ ਉਪਰੋਕਤ ਪੈਰੇ ਵਿਚ ਦਰਸਾਏ ਅਨੁਸਾਰ ਦਰਖਾਸਤ ਨਹੀ ਲਈ ਜਾ ਸਕਦੀ। ਇਸ ਸਬੰਧ ਵਿਚ ਇਹ ਫਿਰ ਸਪਸ਼ਟ ਕੀਤਾ ਜਾਂਦਾ ਹੈ ਕਿ ਟਿਊਬਵੈਲ ਬਿਨੈਕਾਰਾ ਵੱਲੋਂ ਆਪਸ਼ਨਾਂ ਦੇ ਅਧਾਰ ਤੇ ਪ੍ਰਾਪਤ ਦਰਖਾਸਤਾਂ ਦੇ ਮੱਦੇਨਜ਼ਰ ਜਨਰਲ ਕੈਟਾਗਰੀ ਅਧੀਨ ਇਕ ਏਕੜ ਤੋਂ 2.5 ਏਕੜ ਅਤੇ 2.5 ਏਕੜ ਤੋ 5 ਏਕੜ ਤੱਕ ਖੇਤੀਬਾੜੀ ਜਮੀਨ ਵਾਲੇ ਬਿਨੈਕਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਏ.ਪੀ ਗਾਈਡਲਾਈਨਜ਼ ਅਨੁਸਾਰ ਕੁਨੈਕਸ਼ਨ ਜਾਰੀ ਕਰਨ ਹਿੱਤ ਮੰਗ ਪੱਤਰ ਜਾਰੀ ਕਰਨ ਦੀ ਕੱਟ ਆਫ ਡੇਟ extend ਕੀਤੀ ਜਾਣੀ ਹੈ ਇਸ ਲਈ ਦਰਖਾਸਤ/ਅੰਡਰ ਟੇਕਿੰਗ ਸਾਰੇ ਜਨਰਲ ਕੈਟਾਗਰੀ ਅਧੀਨ ਪਹਿਲਾਂ ਅਪਲਾਈ ਹੋਈਆਂ ਅਤੇ ਹੋਣ ਵਾਲੀਆਂ ਅਰਜੀਆਂ ਜਿਨ੍ਹਾਂ ਕੋਲ 2.5 ਏਕੜ ਜਾਂ 2.5 ਏਕੜ ਤੋ 5 ਏਕੜ ਤੱਕ ਖੇਤੀਬਾੜੀ ਜਮੀਨ ਹੈ, ਤੋ ਇਹ ਦਰਖਾਸਤ ਲੈਣੀ ਲੋੜੀਂਦੀ ਹੈ ।

ਉਪਰੋਕਤ ਅਨੁਸਾਰ ਆਪ ਜੀ ਦੇ ਅਧੀਨ ਪੈਂਦੇ ਸਾਰੇ ਫੀਲਡ ਦਫਤਰਾਂ ਨੂੰ ਕਾਰਵਾਈ ਕਰਨ ਹਿੱਤ ਸੂਚਿਤ ਕਰ ਦਿੱਤਾ ਜਾਵੇ ਜੀ ।

ਉਪ ਮੁੱਖ ਇੰਜੀਨੀਅਰ/ਸੇਲਜ-1
ਵਾਸਤੇ ਮੁੱਖ ਇੰਜੀ/ਵਣਜ,
ਪੰ:ਰਾ:ਪਾ:ਕਾ:ਲਿ:,ਪਟਿਆਲਾ ।

1) [illegible]

24/1/2013